# ਡਾਇਰੈਕਟਰ ਸਿੱਖਿਆ ਵਿਭਾਗ (ਐ.ਸਿ.)

## ਮਿਡ-ਡੇ-ਮੀਲ ਸੋਸਾਇਟੀ ਪੰਜਾਬ

ਪੰਜਾਬ ਸਿੱਖਿਆ ਭਵਨ (ਪੀ.ਐਸ.ਈ.ਬੀ.) ਈ ਬਲਾਕ, ਪੰਜਵੀਂ ਮੰਜਿਲ, ਫੇਜ਼-8, ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ) ਪੰਜਾਬ

ਫੋਨ ਨੰ.0172-5212307, 2210019 ਫੈਕਸ ਨੰ. 0172-5212369

ਵੱਲ,

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ(ਸੈ.ਸਿ.),
ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ(ਐ.ਸਿ.),
ਸਮੂਹ ਸਕੂਲ ਮੁੱਖੀ,
ਪੰਜਾਬ ਰਾਜ।

ਮੀਮੋ ਨੰ. MDMS/GM/2018/18519
ਮਿਤੀ 30/05/2018

ਵਿਸ਼ਾ:- ਸਕੂਲਾਂ ਵਿੱਚ ਕਿਚਨ-ਕਮ-ਸਟੋਰ ਦੀ ਸਫ਼ਾਈ ਸਬੰਧੀ।

1.0 ਉਪਰੋਕਤ ਵਿਸ਼ੇ ਤੇ ਇਸ ਦਫ਼ਤਰ ਦੇ ਪੱਤਰ ਨੰ. MDMS/MHN/2016/1213 ਮਿਤੀ 12-05-2016 ਅਤੇ ਪੱਤਰ ਨੰ. MDMS/GM/2016/1548 ਮਿਤੀ 28-06-2016 ਦੀ ਲਗਾਤਾਰਤਾ ਵਿੱਚ।

2.0 ਉਪਰੋਕਤ ਪੱਤਰ ਰਾਹੀਂ ਆਪ ਨੂੰ ਗਰਮੀਆਂ ਦੀਆਂ ਛੁੱਟੀਆਂ ਖਤਮ ਹੋਣ ਉਪਰੰਤ ਕੁੱਝ ਜ਼ਰੂਰੀ ਹਦਾਇਤਾਂ ਵਰਤਣ ਸਬੰਧੀ ਲਿੱਖਿਆ ਗਿਆ ਸੀ।ਆਪ ਨੂੰ ਮੁੜ ਬੇਨਤੀ ਕੀਤੀ ਜਾਂਦੀ ਹੈ ਕਿ ਸਕੂਲਾਂ ਨੂੰ ਹੇਠ ਲਿੱਖੀਆਂ ਜ਼ਰੂਰੀ ਗੱਲਾਂ ਵੱਲ ਧਿਆਨ ਦੇਣ ਸਬੰਧੀ ਹਦਾਇਤਾਂ ਕਰ ਦਿੱਤੀਆਂ ਜਾਣ:-

1) ਛੁੱਟੀਆਂ ਹੋਣ ਤੋਂ ਪਹਿਲਾਂ ਪਾਣੀ ਵਾਲੀ ਟੈਂਕੀ ਖਾਲੀ ਕਰ ਦਿੱਤੀ ਜਾਵੇ।

2) ਖਾਣਾ ਖਾਣ ਵਾਲੇ ਬਰਤਨ ਚੰਗੀ ਤਰ੍ਹਾਂ ਸਾਫ ਕਰਕੇ ਹੀ ਰੱਖੇ ਜਾਣ।

3) ਛੁੱਟੀਆਂ ਖਤਮ ਹੋਣ ਤੋਂ ਇੱਕ ਦਿਨ ਪਹਿਲਾਂ ਕੁੱਕ-ਕਮ ਹੈਲਪਰਾਂ ਦੁਆਰਾ ਕਿਚਨ-ਕਮ ਸਟੋਰ ਅਤੇ ਬਰਤਨਾਂ ਦੀ ਚੰਗੀ ਤਰ੍ਹਾਂ ਸਫ਼ਾਈ ਕਰਵਾਈ ਜਾਵੇ।

4) ਰਾਸ਼ਨ ਅਤੇ ਅਨਾਜ ਦੀ ਚੰਗੀ ਤਰ੍ਹਾਂ ਸਾਫ਼-ਸਫ਼ਾਈ ਅਤੇ ਜਾਂਚ ਕਰਵਾਈ ਜਾਣੀ ਚਾਹੀਦੀ ਹੈ ਤਾਂ ਜੋ ਸਕੂਲ ਖੁਲਣ ਉਪਰੰਤ ਸਕੂਲੀ ਬੱਚਿਆਂ ਨੂੰ ਮਿਡ-ਡੇ-ਮੀਲ ਦੇਣ ਵਿੱਚ ਕਿਸੇ ਵੀ ਮੁਸ਼ਕਿਲ ਦਾ ਸਾਹਮਣਾ ਨਾ ਕਰਨਾ ਪਵੇ।

5) ਪੁਰਾਣੀ ਪਈਆਂ ਦਾਲਾਂ ਅਤੇ ਮਸਾਲਿਆਂ ਦੀ ਵੀ ਚੰਗੀ ਤਰ੍ਹਾਂ ਜਾਂਚ ਕੀਤੀ ਜਾਵੇ ਅਤੇ ਖਰਾਬ ਹੋ ਗਏ ਮਸਾਲਿਆਂ ਅਤੇ ਦਾਲਾਂ ਨੂੰ ਨਾ ਵਰਤਿਆ ਜਾਵੇ।

6) ਛੁੱਟੀਆਂ ਤੋਂ ਪਹਿਲਾਂ ਪਿਆ ਆਟਾ ਨਾ ਵਰਤਿਆ ਜਾਵੇ ਅਤੇ ਤਾਜਾ ਆਟਾ ਹੀ ਪਿਸਵਾ ਕੇ ਵਰਤਿਆ ਜਾਵੇ।

7) ਰਸੋਈ ਵਿੱਚ ਕਿਸੇ ਤਰ੍ਹਾਂ ਦੇ ਜਾਲੇ ਆਦਿ ਨਹੀਂ ਹੋਣੇ ਚਾਹੀਦੇ ਹਨ।ਰਸੋਈ ਵਿੱਚ ਵਰਤਣਯੋਗ ਪਾਣੀ ਜੇਕਰ ਟੈਂਕੀ ਰਾਹੀਂ ਆ ਰਿਹਾ ਹੈ ਤਾਂ ਉਸ ਟੈਂਕੀ ਦੀ ਚੰਗੀ ਤਰ੍ਹਾਂ ਸਾਫ਼-ਸਫ਼ਾਈ ਕੀਤੀ ਜਾਵੇ।

8) ਕਣਕ ਨੂੰ ਡਰੰਮਾਂ ਵਿੱਚ ਸਟੋਰ ਕਰਨ ਤੋਂ ਪਹਿਲਾਂ ਚੰਗੀ ਤਰ੍ਹਾਂ ਸੁਕਾਇਆ ਜਾਵੇ ਕਿਉਂਕਿ ਗਿੱਲੇ ਅਨਾਜ ਵਿੱਚ ਸੁਸਰੀ ਲੱਗਣ ਦਾ ਡਰ ਜ਼ਿਆਦਾ ਹੁੰਦਾ ਹੈ।

9) ਜਿਸ ਥਾਂ ਤੇ ਅਨਾਜ ਦੇ ਡਰੰਮ ਰੱਖੇ ਜਾਣ ਉਹ ਥਾਂ ਹਵਾਦਾਰ, ਸਾਫ਼-ਸੁੱਥਰੀ ਅਤੇ ਨਮੀ ਰਹਿਤ ਹੋਣੀ ਚਾਹੀਦੀ ਹੈ।

10) ਡਰੰਮਾਂ ਨੂੰ ਕਰੇਟਾਂ ਉਪਰ ਜਾਂ ਇੱਟਾਂ ਉੱਪਰ ਰੱਖਿਆ ਜਾਵੇ ਤਾਂ ਜੋ ਡਰੰਮ ਖਰਾਬ ਨਾ ਹੋਣ।

11) **ਗੈਸ ਸਿਲੰਡਰਾਂ ਨੂੰ ਵੀ ਕਿਸੇ ਸੁਰੱਖਿਅਤ ਜਗ੍ਹਾ ਤੇ ਰੱਖਿਆ ਜਾਵੇ।**

ਉਪਰੋਕਤ ਹੁਕਮਾਂ ਦੀ ਇੰਨ ਬਿਨ ਪਾਲਨਾ ਕੀਤੀ ਜਾਵੇ।

ਡਾਇਰੈਕਟਰ ਸਿੱਖਿਆ ਵਿਭਾਗ (ਐ.ਸਿ.)
ਪੰਜਾਬ

ਪਿ.ਅੰ.ਨੰ. **MDMS/GM/2018/**18520 ਮਿਤੀ 30**/05/2018**

ਉਪਰੋਕਤ ਦਾ ਉਤਾਰਾ ਉੱਪ-ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ.) ਨੂੰ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਡਿਪਟੀ ਸਟੇਟ ਪ੍ਰੋਜੈਕਟ ਡਾਇਰੈਕਟਰ